ਵਿਚਾਰ-ਚਰਚਾ ਗੁਰਸ਼ਰਨ ਸਿੰਘ

# ਕੰਢੀ ਸੰਘਰਸ਼ ਕਮੇਟੀ

ਭਾਰਤ ਦਾ ਸਾਰਾ ਅਰਥਚਾਰਾ ਸਰਮਾਏਦਾਰੀ ਆਰਥਕਤਾ ਦੇ ਅਸੂਲਾਂ 'ਤੇ ਚੱਲਦਾ ਹੈ। ਇਸ ਲਈ ਹਰ ਕੰਮ ਦੀ ਸਫ਼ਲਤਾ ਜਾਂ ਅਸਫ਼ਲਤਾ ਦਾ ਆਧਾਰਾ ਮੁਨਾਫ਼ਾ ਹੈ। ਇਹ ਮੁਨਾਫ਼ੇ ਵਾਲੀ ਕਸੌਟੀ ਸਰਕਾਰੀ ਪ੍ਰਾਜੈਕਟ ਬਨਾਉਣ ਵੇਲੇ ਵੀ ਅਪਨਾਈ ਜਾਂਦੀ ਹੈ। ਭਾਵੇਂ ਜਮਹੂਰੀਅਤ ਦਾ ਲੇਬਲ ਲਗਾਉਣ ਲਈ ਲੋਕ ਹਿੱਤਾਂ ਦੀ ਗੱਲ ਵੀ ਕੀਤੀ ਜਾਂਦੀ ਹੈ ਪਰ ਇਹ ਸਭ ਧੋਖਾ ਹੁੰਦਾ ਹੈ। ਅਸਲ ਗੱਲ ਆਰਥਕਤਾ ਦੇ ਸਿਸਟਮ ਦੀ ਹੁੰਦੀ ਹੈ। ਇਸ ਸਿਸਟਮ ਥੱਲੇ ਜਿਹੜੇ ਪਛੜੇ ਇਲਾਕੇ ਹਨ, ਉਹ ਹੋਰ ਪਛੜ ਜਾਣਗੇ ਕਿਉਂਕਿ ਉਥੇ ਲੱਗਾ ਸਰਮਾਇਆ ਮੁਨਾਫ਼ਾ ਨਹੀਂ ਦੇਂਦਾ। ਇਸਦੀ ਇਕ ਮਿਸਾਲ ਪੰਜਾਬ ਦੇ ਕੰਢੀ ਦੇ ਇਲਾਕੇ ਦੀਆਂ ਸਹੂਲਤਾਂ ਦਾ ਦਰਜਾ ਘਟਾਉਣਾ ਹੈ। ਇਸ ਇਲਾਕੇ ਵਿਚੋਂ ਜਦੋਂ ਵੀ ਲੰਘੋ ਤਾਂ ਜਿਥੇ ਕੁਦਰਤੀ ਸੁੰਦਰਤਾ ਅਤੇ ਦੌਲਤ ਦਾ ਅਹਿਸਾਸ ਹੁੰਦਾ ਹੈ, ਉਥੇ ਬਾਕੀ ਪੰਜਾਬ ਦੇ ਮੁਕਾਬਲੇ ਵਿਚ ਇਸ ਇਲਾਕੇ ਦਾ ਪਛੜਾਪਣ ਅਤੇ ਲੋਕਾਂ ਦੀ ਗਰੀਬੀ ਦਾ ਅਹਿਸਾਸ ਵੀ ਹੁੰਦਾ ਹੈ। ਚਾਹੀਦਾ ਤਾਂ ਇਹ ਹੈ ਕਿ ਇਸ ਇਲਾਕੇ ਦੇ ਵਿਕਾਸ ਲਈ ਕੋਈ ਠੋਸ ਯੋਜਨਾ ਬਣਾਈ ਜਾਏ, ਸਗੋਂ ਹੋਇਆ ਇਹ ਹੈ ਕਿ ਵਿਕਾਸ ਦੀ ਜਿਹੜੀ ਵੱਡੀ ਸਹੂਲਤ ਮੁਹੱਈਆ ਹੈ, ਉਹ ਵੀ ਬੰਦ ਕੀਤੀ ਜਾ ਰਹੀ ਹੈ।

ਬਦੇਸ਼ੀ ਗੋਰੀ ਸਰਕਾਰ ਨੇ 1914 ਵਿਚ ਰੇਲਵੇ ਲਾਈਨ ਫਗਵਾੜਾ ਤੋਂ ਜੇਜੋਂ ਦੁਆਬਾ ਤੱਕ ਵਿਛਾਈ ਸੀ। ਕੰਢੀ ਤੇ ਬੀਤ ਵਿਚ ਫੌਜੀ ਜਵਾਨ ਬਹੁਤ ਸਨ। ਸਰਕਾਰ ਰੇਲਵੇ ਵਰੰਟ ਬਣਾਕੇ ਫੌਜੀਆਂ ਨੂੰ ਟਰੇਨਿੰਗ ਲਈ ਇਥੋਂ ਲਿਜਾਉਂਦੀ ਰਹੀ ਹੈ। ਕੰਢੀ ਤੇ ਬੀਤ ਦੇ ਲੋਕ ਮਾਲ ਗੱਡੀ ਰਾਹੀਂ ਪੱਥਰ, ਘਾਹ, ਬੱਗੜ, ਸਰਕੰਡਾ, ਲੱਕੜ ਵੱਖ-ਵੱਖ ਥਾਵਾਂ ਨੂੰ ਲਿਜਾਉਂਦੇ ਰਹੇ ਅਤੇ ਆਪਣੇ ਤੇ ਆਪਣੇ ਪਰਿਵਾਰ ਦਾ ਪੇਟ ਪਾਲਦੇ ਰਹੇ ਹਨ। ਲੋਕਾਂ ਨੂੰ ਲਗਾਤਾਰ ਰੁਜ਼ਗਾਰ ਮਿਲਦਾ ਰਿਹਾ ਹੈ ਅਤੇ ਇਲਾਕੇ ਦਾ ਥੋੜਾ ਬਹੁਤ ਵਿਕਾਸ ਵੀ ਹੁੰਦਾ ਰਿਹਾ ਹੈ। ਕੰਢੀ ਬੀਤ ਦੇ ਲੋਕ ਪਸ਼ੂ ਧਨ ਤੇ ਗੁਜ਼ਾਰਾ ਕਰਦੇ ਹਨ। ਮਾਲ ਗੱਡੀ ਰਾਹੀਂ ਵੱਖ-ਵੱਖ ਮੰਡੀਆਂ ਲਈ ਆਪਣੇ ਪਸ਼ੂ ਲਿਜਾਉਂਦੇ ਰਹੇ ਹਨ। 5 ਸਤੰਬਰ 1998 ਨੂੰ ਭਾਰਤ ਸਰਕਾਰ ਨੇ ਮਾਲ ਗੱਡੀਆਂ ਜੇਜੋਂ ਦੁਆਬਾ, ਸੈਲਾ ਖੁਰਦ ਤੇ ਗੜ੍ਹਸ਼ੰਕਰ ਲਈ ਮੁਕੰਮਲ ਬੰਦ ਕਰ ਦਿੱਤੀਆਂ ਹਨ। ਜੇਜੋਂ, ਦੁਆਬਾ, ਸੈਲਾ ਖੁਰਦ, ਗੜ੍ਹਸ਼ੰਕਰ ਰੇਲਵੇ ਸਟੇਸ਼ਨਾਂ ਦਾ ਦਰਜਾ ਘਟਾ ਕੇ ਫਲੈਗ ਸਟੇਸ਼ਨ ਬਣਾ ਦਿੱਤੇ ਹਨ। ਫਾਈਲਾਂ ਵਿਚ ਕਾਰਨ ਇਕੋ ਹੀ ਦੱਸਿਆ ਗਿਆ ਹੈ ਕਿ ਇਹ ਰੇਲਵੇ ਚਲਾਉਣਾ ਘਾਟੇ ਦਾ ਸੌਦਾ ਹੈ। ਇਸ ਗੱਲ ਦਾ ਕੋਈ ਖਿਆਲ ਨਹੀਂ ਰੱਖਿਆ ਗਿਆ ਕਿ ਇਸਦੇ ਨਾਲ ਇਲਾਕੇ ਦੀ ਕੋਈ ਬੇਹਤਰੀ ਵੀ ਹੁੰਦੀ ਹੈ। ਇਥੇ ਹੀ ਸਰਮਾਏਦਾਰੀ ਆਰਥਕ ਸਿਸਟਮ ਦਾ ਅਤੇ ਸਮਾਜਵਾਦੀ ਆਰਥਕ ਸਿਸਟਮ ਦੀ ਪਹੁੰਚ ਦਾ ਫ਼ਰਕ ਸਾਬਤ ਹੁੰਦਾ ਹੈ।

ਸਰਕਾਰ ਦੀਆਂ ਨੀਤੀਆਂ ਦੇ ਵਿਰੁੱਧ ਸੰਘਰਸ਼ ਕਰਨ ਲਈ ਕੰਢੀ ਸੰਘਰਸ਼ ਕਮੇਟੀ ਹੋਂਦ ਵਿਚ ਆਈ ਹੈ ਅਤੇ ਇਹ ਕੋਈ ਇਤਫ਼ਾਕੀਆ ਗੱਲ ਨਹੀਂ ਕਿ ਇਹਦੀ ਰਹਿਨੁਮਾਈ ਦਰਸ਼ਨ ਸਿੰਘ ਮੱਟੂ ਵਰਗੇ ਲੋਕ ਹਿੱਤਾਂ ਨਾਲ ਪਰਨਾਏ ਆਗੂਆਂ ਦੇ ਹੱਥਾਂ ਵਿਚ ਹੈ। ਇਹ ਕਮੇਟੀ ਆਪਣੀ ਹੋਂਦ ਤੋਂ ਹੀ ਕੰਢੀ ਅਤੇ ਬੀਤ ਦੇ ਇਲਾਕੇ ਦੀਆਂ ਮੁਸ਼ਕਲਾਂ ਦੇ ਹੱਲ ਲਈ ਲਗਾਤਾਰ ਸੰਘਰਸ਼ ਕਰਦੀ ਆ ਰਹੀ ਹੈ। ਰੇਲਵੇ ਦਾ ਦਰਜਾ ਬਰਕਰਾਰ ਰੱਖਣ ਲਈ ਵੀ ਸੰਘਰਸ਼ ਦੀ ਅਗਵਾਈ ਇਹ ਕਮੇਟੀ ਕਰ ਰਹੀ ਹੈ। ਪਹਿਲੇ ਸੰਘਰਸ਼ਾਂ ਵਿਚ ਇਲਾਕੇ ਦੀ ਬੇਹਤਰੀ ਲਈ ਮੰਗਾਂ ਪੇਸ਼ ਕੀਤੀਆਂ ਜਾਂਦੀਆਂ ਰਹੀਆਂ ਹਨ, ਪਰ ਇਹ ਰੇਲ ਦਾ ਸੰਘਰਸ਼, ਸਰਮਾਏਦਾਰੀ ਆਰਥਕ ਸਿਸਟਮ ਦੀ ਗਰੀਬ-ਦੁਸ਼ਮਣ ਪਹੁੰਚ ਨੂੰ ਪੂਰੀ ਤਰ੍ਹਾਂ ਨਸ਼ਰ ਕਰਦਾ ਹੈ।

ਸਾਡਾ ਇਹ ਫਰਜ਼ ਬਣ ਜਾਂਦਾ ਹੈ ਕਿ ਜਦੋਂ ਵੀ ਅਸੀਂ ਕੋਈ ਸੰਘਰਸ਼ ਵਿੱਢੀਏ ਤਾਂ ਇਸ ਦੇ ਪਿੱਛੇ ਕੰਮ ਕਰ ਰਹੇ ਸਿਧਾਂਤ ਨੂੰ ਸੌਖੀ ਭਾਸ਼ਾ ਵਿਚ ਲੋਕਾਂ ਨੂੰ ਜ਼ਰੂਰ ਸਮਝਾਈਏ। ਪਿਆਜ਼ ਦੇਖਦੇ-ਦੇਖਦੇ ਕਿਉਂ ਮਹਿੰਗਾ ਹੋ ਗਿਆ? ਇਹਦਾ ਕਾਰਨ ਭਾਜਪਾ ਦੀਆਂ ਵਿਉਪਾਰੀਆਂ ਦੇ ਹਿੱਤ ਵਿਚ ਚਲਦੀਆਂ ਨੀਤੀਆਂ ਹੀ ਹਨ। ਭਾਜਪਾ ਪੂਰੀ ਤਰ੍ਹਾਂ ਇਕ ਸਰਮਾਏਦਾਰੀ ਪਾਰਟੀ ਹੈ। ਕਾਂਗਰਸ ਪਾਰਟੀ ਦੀਆਂ ਨੀਤੀਆਂ ਵੀ ਬੁਨਿਆਦੀ ਤੌਰ 'ਤੇ ਸਰਮਾਏਦਾਰੀ ਨੀਤੀਆਂ ਹਨ। ਇਹਨਾਂ ਦੇ ਉਲਟ ਖੱਬੀ ਵਿਚਾਰਧਾਰਾ ਵਾਲੀਆਂ ਪਾਰਟੀਆਂ ਦੀਆਂ ਆਰਥਕ ਨੀਤੀਆਂ ਲਕੀਰ ਖਿੱਚ ਕੇ ਸਮਾਜਵਾਦੀ ਆਧਾਰ ਤੇ ਹੋਣਗੀਆਂ ਅਤੇ ਉਹ ਗਰੀਬ-ਦੋਸਤ ਹੋਣਗੀਆਂ।

ਸਾਧਾਰਨ ਲੋਕ ਜਦੋਂ ਇਹ ਸਮਝਣਗੇ ਤਾਂ ਹੀ ਸੰਘਰਸ਼ ਬੁਨਿਆਦੀ ਤਬਦੀਲੀਆਂ ਲਿਆਉਣ ਦੇ ਯੋਗ ਹੋਣਗੇ। ਸੰਘਰਸ਼ ਜ਼ਾਹਰਾ ਤੌਰ 'ਤੇ ਸਮਾਜਿਕ ਭਲਾਈ ਅਤੇ ਆਰਥਿਕ ਭਲਾਈ ਲਈ ਹੀ ਹੋਣਗੇ ਪਰ ਉਹਨਾਂ ਦਾ ਨਿਸ਼ਾਨਾ ਸਾਰੇ ਸਿਸਟਮ ਵਿਚ ਬੁਨਿਆਦੀ ਤਬਦੀਲੀਆਂ ਲਿਆਉਣਾ ਹੋਵੇਗਾ। ਕਿਸਾਨਾਂ ਦੀ ਫ਼ਸਲ ਮੰਡੀਆਂ ਵਿਚ ਰੁਲ ਗਈ। ਕਾਰਨ ਸਰਮਾਏਦਾਰੀ ਸਿਸਟਮ ਥੱਲੇ ਚੱਲਦਾ ਲੋਕ ਦੁਸ਼ਮਣ ਪ੍ਰਬੰਧ ਹੈ। ਇਸ ਪ੍ਰਬੰਧ ਨੂੰ ਚਲਾਉਣ ਵਾਲੇ ਜ਼ਿੰਮੇਵਾਰੀ ਕਦੀ ਕੁਦਰਤੀ ਆਫ਼ਤ ਤੇ ਸੁਟਣਗੇ, ਕਦੀ ਕਿਸਾਨਾਂ ਤੇ ਸੁੱਟ ਦੇਣਗੇ ਪਰ ਸਿਸਟਮ ਦੇ ਨਾਕਸ ਹੋਣ ਵੱਲ ਨਹੀਂ ਹੋਣ ਦੇਣਗੇ। ਅਸੀਂ ਬੁਨਿਆਦੀ ਕਾਰਨਾਂ ਨੂੰ ਅੱਗੇ ਲਿਆਉਣਾ ਹੈ।

ਕੰਢੀ ਸੰਘਰਸ਼ ਕਮੇਟੀ ਜਿਥੇ ਗਰੀਬ ਅਤੇ ਪਛੜੇ ਇਲਾਕੇ ਦੀ ਬੇਹਤਰੀ ਲਈ ਸੰਘਰਸ਼ ਕਰੇਗੀ ਉਥੇ ਇਹ ਵੀ ਲੋਕਾਂ ਅੱਗੇ ਇਹ ਗੱਲ ਉਭਾਰਕੇ ਲਿਆਵੇਗੀ ਕਿ ਇਹ ਨੀਮ ਪਹਾੜੀ ਇਲਾਕਾ, ਜੰਗਲ ਦੇ ਦਰੱਖਤਾਂ ਨਾਲ ਭਰਪੂਰ ਸਹੀ ਯੋਜਨਾਬੱਧੀ ਨਾਲ ਸਵੀਡਨ, ਸਵਿਟਜ਼ਰਲੈਂਡ ਕਿਉਂ ਨਹੀਂ ਬਣਾਇਆ ਜਾ ਸਕਦਾ? ਇਹ ਗੱਲਾਂ ਲੋਕਾਂ ਸਾਹਮਣੇ ਲਿਆਉਣੀਆਂ ਜ਼ਰੂਰੀ ਹਨ। ਗਰੀਬ-ਦੁਸ਼ਮਣ ਅਤੇ ਗਰੀਬ-ਦੋਸਤ ਆਰਥਕ ਨੀਤੀਆਂ ਦਾ ਨਿਖੇੜਾ ਕਰਨਾ ਜ਼ਰੂਰੀ ਹੈ।